ਨੰ. 3506 /ਸੀ.ਓ.ਈ.
ਮਿਤੀ 6/10/2020

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ/ਰਿਜ਼ਨਲ ਸੈਂਟਰ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

ਵਿਸ਼ਾ:- ਅੰਡਰ-ਗ੍ਰੈਜੁਏਟ ਦੇ ਵੱਖ-ਵੱਖ ਕੋਰਸਾਂ ਵਿੱਚ ਇਨਵਾਇਰਨਮੈਂਟਲ ਐਂਡ ਰੋਡ ਸੇਫਟੀ ਅਵੇਅਰਨੈਸ ਅਤੇ ਡਰੱਗ ਐਬਿਊਜ਼ ਪ੍ਰਾਬਲਮ, ਮੈਨੇਜਮੈਂਟ ਐਂਡ ਪ੍ਰੀਵੈਂਸ਼ਨ ਵਿਸ਼ਾ ਜੋ ਕਿ ਪਾਸ ਕਰਨਾ ਲਾਜ਼ਮੀ ਹੈ ਬਾਰੇ।

ਯੂਨੀਵਰਸਿਟੀ ਵਲੋਂ ਚਲਾਏ ਜਾ ਰਹੇ ਵੱਖ-ਵੱਖ ਅੰਡਰ-ਗ੍ਰੈਜੂਏਟ ਕੋਰਸਾਂ ਦੌਰਾਨ ਇਨਵਾਇਰਨਮੈਂਟਲ ਐਂਡ ਰੋਡ ਸੇਫਟੀ ਅਵੇਅਰਨੈਸ ਅਤੇ ਡਰੱਗ ਐਬਿਊਜ਼ ਪ੍ਰਾਬਲਮ, ਮੈਨੇਜਮੈਂਟ ਐਂਡ ਪ੍ਰੀਵੈਂਸ਼ਨ ਦਾ ਵਿਸ਼ਾ ਪਾਸ ਕਰਨਾ ਲਾਜ਼ਮੀ ਹੈ। ਜਿਹਨਾਂ ਵਿਦਿਆਰਥੀਆਂ ਨੇ ਇਸ ਵਿਸ਼ੇ ਦਾ ਪੇਪਰ ਦੇਣ ਲਈ ਦੂਜਾ ਅਤੇ ਚੌਥਾ ਸਮੈਸਟਰ ਮਈ, 2020 ਪ੍ਰੀਖਿਆਵਾਂ ਲਈ ਪ੍ਰੀਖਿਆ ਫਾਰਮ ਅਤੇ ਫੀਸ ਨਿਰਧਾਰਿਤ ਸਮੇਂ ਤੋਂ ਪਹਿਲਾਂ ਭਰੀ ਹੈ, ਉਹਨਾਂ ਨੂੰ ਯੂ.ਜੀ.ਸੀ. ਅਤੇ ਪੰਜਾਬ ਸਰਕਾਰ ਵਲੋਂ ਹੋਏ ਆਦੇਸ਼ਾਂ ਅਨੁਸਾਰ ਅਗਲੇ ਸਮੈਸਟਰ ਵਿੱਚ ਭਾਵ (ਤੀਜਾ ਅਤੇ ਪੰਜਵਾਂ) ਵਿੱਚ ਪ੍ਰਮੋਟ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿਦਿਆਰਥੀਆਂ ਦੇ ਇਹ ਪੇਪਰ ਹੋ ਰਹੀਆਂ ਪ੍ਰੀਖਿਆਵਾਂ ਵਿੱਚ ਨਹੀਂ ਲਏ ਜਾਣਗੇ।

ਜਿਹਨਾਂ ਵਿਦਿਆਰਥੀਆਂ ਨੇ ਆਪਣੇ ਕੋਰਸ ਦੌਰਾਨ ਉਕਤ ਵਿਸ਼ੇ ਪਾਸ ਨਹੀਂ ਕੀਤੇ ਹਨ ਅਤੇ ਉਹਨਾਂ ਨੇ ਯੂਨੀਵਰਸਿਟੀ ਵਲੋਂ ਦਿੱਤੇ ਜਾ ਰਹੇ ਮੌਕੇ ਲਈ ਆਪਣੇ ਪ੍ਰੀਖਿਆ ਫਾਰਮ ਅਤੇ ਫੀਸ ਭਰੀ ਹੈ, ਅਜਿਹੇ ਵਿਦਿਆਰਥੀਆਂ ਲਈ ਇਨਵਾਇਰਨਮੈਂਟਲ ਐਂਡ ਰੋਡ ਸੇਫਟੀ ਅਵੇਅਰਨੈਸ ਵਿਸ਼ੇ ਦੀ ਪ੍ਰੀਖਿਆ ਮਿਤੀ 11.10.2020 ਨੂੰ ਅਤੇ ਡਰੱਗ ਐਬਿਊਜ਼ ਪ੍ਰਾਬਲਮ, ਮੈਨੇਜਮੈਂਟ ਐਂਡ ਪ੍ਰੀਵੈਂਸ਼ਨ ਵਿਸ਼ੇ ਦੀ ਪ੍ਰੀਖਿਆ ਮਿਤੀ 15.10.2020 ਨੂੰ ਸਾਰੇ ਹੀ ਅੰਡਰ-ਗ੍ਰੈਜੂਏਟ ਕੋਰਸਾਂ ਲਈ ਕਰਵਾਈ ਜਾ ਰਹੀ ਹੈ। ਜਿੰਨਾਂ ਵਿਦਿਆਰਥੀਆਂ ਨੇ ਛੇਵੇਂ ਸਮੈਸਟਰ ਵਿੱਚ ਇਨਵਾਇਰਨਮੈਂਟਲ ਐਂਡ ਰੋਡ ਸੇਫਟੀ ਅਵੇਅਰਨੈਸ ਅਤੇ ਡਰੱਗ ਐਬਿਊਜ਼ ਪ੍ਰਾਬਲਮ, ਮੈਨੇਜਮੈਂਟ ਐਂਡ ਪ੍ਰੀਵੈਂਸ਼ਨ ਪੇਪਰ ਦੇਣ ਲਈ ਵਿਸ਼ਾ ਚੁਣਿਆ ਹੈ, ਉਹ ਵਿਦਿਆਰਥੀ ਹੋ ਰਹੀ ਪ੍ਰੀਖਿਆ ਵਿੱਚ ਪੇਪਰ ਦੇਣਗੇ।

ਵਿਭਾਗ/ਕਾਲਜ ਦੇ ਰੈਗੂਲਰ/ਰੀ-ਅਪੀਅਰ ਵਿਦਿਆਰਥੀ ਆਪਣੀ ਉੱਤਰ-ਸ਼ੀਟਾਂ ਸਬੰਧਿਤ ਵਿਭਾਗਾਂ ਵਿੱਚ ਜਮ੍ਹਾਂ ਕਰਵਾਉਣਗੇ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਨੂੰ ਪ੍ਰਸ਼ਨ-ਪੱਤਰ ਕਿਵੇਂ ਭੇਜੇ ਜਾਣੇ ਹਨ ਅਤੇ ਉਨ੍ਹਾਂ ਤੋਂ ਉੱਤਰ-ਸ਼ੀਟਾਂ ਕਿਵੇਂ ਪ੍ਰਾਪਤ ਕਰਨੀਆਂ ਹਨ, ਬਾਰੇ ਆਪਣੇ ਵਿਦਿਆਰਥੀਆਂ ਨੂੰ ਸੂਚਿਤ ਕਰ ਦਿੱਤਾ ਜਾਵੇ। ਪ੍ਰਾਪਤ ਉੱਤਰ-ਸ਼ੀਟਾਂ ਦਾ ਮੁਲਾਂਕਣ ਵਿਭਾਗ/ਕਾਲਜ ਆਪਣੇ ਪੱਧਰ ਤੇ ਕਰਵਾ ਕੇ ਅਵਾਰਡ ਯੂਨੀਵਰਸਿਟੀ ਵੈਬਸਾਈਟ ਤੇ ਅਪਲੋਡ ਕਰਨਗੇ। ਜੇਕਰ ਪ੍ਰਾਈਵੇਟ ਵਿਦਿਆਰਥੀ ਤੁਹਾਡੇ ਵਿਭਾਗ/ਕਾਲਜ ਵਿੱਚ ਉੱਤਰ-ਸ਼ੀਟਾਂ ਜਮ੍ਹਾਂ ਕਰਵਾਉਣ ਆਉਂਦਾ ਹੈ ਤਾਂ ਉਸਤੋਂ ਉੱਤਰ-ਸ਼ੀਟ ਪ੍ਰਾਪਤ ਕਰਕੇ ਉਸਦਾ ਵੀ ਮੁਲਾਂਕਣ ਕਰਵਾ ਲਿਆ ਜਾਵੇ।

ਇਸ ਸਬੰਧੀ ਸਾਰੇ ਵਿਦਿਆਰਥੀਆਂ ਨੂੰ ਸੂਚਿਤ ਕਰ ਦਿੱਤਾ ਜਾਵੇ ਜੀ।

6/10/2020

ਕੰਟਰੋਲਰ (ਪ੍ਰੀਖਿਆਵਾਂ)